**THE PUNJAB STATE BOARD OF TECHNICAL EDUCATION AND INDUSTRIAL TRAINING**

PLOT NO. 1-A, SEC. 36-A, CHANDIGARH PH. : 615385, 622584-85 FAX : 660734

**No.PSBTE&IT/ITI/2020/** 02 **Date:** 1/1/2021

ਸੇਵਾ ਵਿਖੇ,

ਪ੍ਰਿੰਸੀਪਲ/ਮੁੱਖ ਅਧਿਆਪਕ,

ਸਮੂਹ ਸਰਕਾਰੀ/ਪ੍ਰਾਈਵੇਟ ਉਦਯੋਗਿਕ ਸਿਖਲਾਈ ਸੰਸਥਾਵਾਂ,

ਆਰਟ ਐਂਡ ਕਰਾਫਟ ਅਤੇ ਟੀਚਰ ਟਰੇਨਿੰਗ ਸੰਸਥਾਵਾਂ

ਪੰਜਾਬ ਰਾਜ ਅਧੀਨ।

ਵਿਸ਼ਾ:- ਰਾਜ ਦੀਆਂ ਸਮੂਹ ਸਰਕਾਰੀ/ਪ੍ਰਾਈਵੇਟ ਉਦਯੋਗਿਕ ਸਿਖਲਾਈ ਸੰਸਥਾਵਾਂ, ਆਰਟ ਐਂਡ ਕਰਾਫਟ ਅਤੇ ਟੀਚਰ ਟ੍ਰੇਨਿੰਗ ਸੰਸਥਾਵਾਂ, ਪੰਜਾਬ ਰਾਜ ਅਧੀਨ ਨੂੰ ਜਨਵਰੀ 2021 ਦੌਰਾਨ ਕਰਾਫਟਸਮੈਨ ਟ੍ਰੇਨਿੰਗ ਸਕੀਮ ਅਧੀਨ ਐਸ.ਸੀ.ਵੀ.ਟੀ ਦੀ ਕਰਵਾਈ ਜਾ ਰਹੀ ਪ੍ਰੀਖਿਆ ਲਈ ਹਦਾਇਤਾਂ ਬਾਰੇ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਜੀ ਨੂੰ ਦਸਿਆ ਜਾਂਦਾ ਹੈ ਕਿ ਐਸ.ਸੀ.ਵੀ.ਟੀ./ਆਰਟ ਐਂਡ ਕਰਾਫਟ/ਟੀਚਰ ਟਰੇਨਿੰਗ ਕੋਰਸਾਂ ਦੀ ਪ੍ਰੀਖਿਆ ਪ੍ਰੋਗਰਾਮ ਅਨੁਸਾਰ ਜਨਵਰੀ 2021 ਦੌਰਾਨ ਕਰਵਾਈ ਜਾਣੀ ਹੈ। ਪ੍ਰੀਖਿਆ ਕੇਂਦਰਾਂ ਵਲੋਂ ਇਹਨਾਂ ਪ੍ਰੀਖਿਆਵਾਂ ਦੀਆਂ ਉਤਰਕਾਪੀਆਂ ਰੋਜਾਨਾ ਥਿਊਰੀ ਦਾ ਪੇਪਰ (ਸਵੇਰੇ ਅਤੇ ਸ਼ਾਮ/ ਦੋਹਾਂ ਸ਼ਿਫਟਾਂ ਦਾ) ਖਤਮ ਹੋਣ ਉਪਰੰਤ ਨਿਰਧਾਰਤ District ਲੈਵਲ ਤੇ ਬਣਾਏ ਗਏ 19 Nodal ਸੈਂਟਰਾਂ ਵਿਖੇ ਜਿਲ੍ਹੇ ਅਨੁਸਾਰ ਸਮੇਂ ਸਿਰ ਸੁਰੱਖਿਅਤ ਪੁਜਦਾ ਕਰਨਾ ਯਕੀਨੀ ਬਨਾਉਣਗੇ। ਪ੍ਰੀਖਿਆ ਦੌਰਾਨ ਰੋਜ਼ਾਨਾ/ ਮਿਤੀਬਧ ਜਮ੍ਹਾ ਹੋਣ ਵਾਲੇ ਬਡੰਲਾ/ ਪੈਕਟਾਂ ਦਾ ਪੂਰਾ ਰਿਕਾਰਡ ਨੋਡਲ ਸੈਂਟਰਾਂ ਵਲੋਂ ਰੱਖਿਆ ਜਾਵੇ ਤਾਂ ਜੋ ਦਫਤਰ ਨੂੰ ਲੋੜ ਪੈਣ ਤੇ ਪੇਸ਼ ਕੀਤਾ ਜਾ ਸਕੇ। ਨੋਡਲ ਸੈਂਟਰ ਪ੍ਰੀਖਿਆ ਖਤਮ ਹੋਣ ਉਪਰੰਤ ਦੇਰ ਸ਼ਾਮ (ਲੋੜ ਹੋਵੇ ਤਾਂ) ਤੱਕ ਸੰਸਥਾ ਵਿਖੇ ਕਿਸੇ ਜਿੰਮੇਵਾਰ ਕਰਮਚਾਰੀ ਦੀ ਡਿਊਟੀ ਪ੍ਰੀਖਿਆ ਦੌਰਾਨ ਲਗਾਉਣੀ ਯਕੀਨੀ ਬਨਾਉਣਗੇ ਅਤੇ ਲਗਾਈ ਗਈ ਡਿਊਟੀ ਦਾ ਰਿਕਾਰਡ ਭਾਵ ਪ੍ਰਿੰਸੀਪਲ ਕਮ ਕੰਟੋਰਲਰ, ਫੈਕਲਟੀ ਮੈਂਬਰ ਦੇ ਨਾਂ ਅਤੇ ਮੋਬਾਇਲ ਨੰਬਰ ਦੀ ਜਾਣਕਾਰੀ ਆਪਣੇ ਪੱਧਰ ਤੇ ਰੱਖਦੇਆਂ ਬੋਰਡ ਦਫਤਰ ਦੇ ਈ.ਮੇਲ ਪਤੇ sectionofficeriti@gmail.com ਤੇ ਵੀ ਭੇਜਣੀ ਯਕੀਨੀ ਬਣਾਉਣਗੇ।

Nodal ਸੈਂਟਰਾਂ ਵਲੋ ਇਹ ਵੀ ਯਕੀਨੀ ਬਣਾਇਆ ਜਾਵੇ ਕਿ ਬੋਰਡ ਦਫਤਰ ਵਲੋਂ ਨਿਰਧਾਰਤ ਮਿਤੀ ਨੂੰ ਜਦ ਤੱਕ ਉਤਰਕਾਪੀਆਂ ਬੋਰਡ ਦਫਤਰ ਦੇ ਕਰਮਚਾਰੀਆਂ ਦੇ ਹਵਾਲੇ ਨਾਂ ਹੋ ਜਾਣ, ਉਸ ਵੇਲੇ ਤੱਕ ਸਮਾਨ ਦੀ ਪੂਰਣ ਜਿਮੇਂਵਾਰੀ ਨੋਡਲ ਸੈਂਟਰ ਦੀ ਹੋਵੇਗੀ। ਉਪਰੋਕਤ ਹਦਾਇਤ ਦੀ ਕਿਸੇ ਵੀ ਪ੍ਰਕਾਰ ਦੀ ਉਲੰਘਣਾ ਦੀ ਸੂਰਤ ਵਿੱਚ ਸਮੁੱਚੀ ਜਿੰਮੇਵਾਰੀ ਪ੍ਰੀਖਿਆ ਕੇਂਦਰਾਂ ਦੇ ਪ੍ਰਿੰਸੀਪਲ/ਕੰਟਰੋਲਰ ਦੀ ਠਹਿਰਾਈ ਜਾਵੇਗੀ। ਸਮੂਹ ਪ੍ਰੀਖਿਆ ਕੇਂਦਰ ਵਿਸ਼ਾ

ਅੰਕਿਤ ਮਾਮਲੇ ਸੰਬਧੀ ਆਪਣਾ ਤਾਲਮੇਲ ਨੋਡਲ ਸੈਂਟਰਾਂ ਨਾਲ ਬਣਾਉਣਗੇ। ਨਿਭਾਈ ਗਈ ਡਿਊਟੀ ਵਾਸਤੇ ਮਾਨਭੇਟਾਂ, ਟੀ.ਏ. ਆਦਿ ਬੋਰਡ ਨਿਯਮਾਂ ਅਨੁਸਾਰ ਲਾਗੂ ਹੋਣਗੇ।

ਸਾਰੀਆਂ ਸਰਕਾਰੀ ਅਤੇ ਪ੍ਰਾਈਵੇਟ ਸੰਸਥਾਵਾਂ ਵਲੋਂ ਜਮ੍ਹਾਂ ਕਰਾਏ ਜਾਣ ਵਾਲੇ ਪੇਪਰਾਂ ਦੇ (ਸਵੇਰ ਤੇ ਸ਼ਾਮ ਦੇ ਵੱਖ-ਵੱਖ) ਸੀਲਬੰਦ ਪੈਕਟਾਂ ਨੂੰ ਕੱਪੜੇ ਦੀ ਥੈਲੀਆਂ ਵਿੱਚ ਸੀਲ ਕੀਤਾ ਜਾਵੇ ਤੇ ਪੈਕਟਾਂ ਤੇ ਸੰਸਥਾ ਦਾ ਨਾਂ ਅਤੇ ਕੋਡ, ਸਾਲ/ਸਮੈਸਟਰ ਦੀ ਜਾਣਕਾਰੀ, ਪ੍ਰੀਖਿਆ ਦੀ ਮਿਤੀ:, ਸੈਸ਼ਨ, ਟ੍ਰੇਡ ਦਾ ਨਾਂ, ਸ਼ੀਟਾਂ ਦੀ ਗਿਣਤੀ(Acknowledgement) ਦਾ ਇਸਤੇਮਾਲ ਕਰਕੇ) ਬਾਰੇ ਸਪਸ਼ਟ ਲਿਖਿਆ ਜਾਵੇ ਜੀ।

ਸਮੂਹ ਸੰਸਥਾਵਾਂ ਵਲੋਂ ਨਿਰਧਾਰਿਤ District ਲੈਵਲ ਤੇ ਬਣਾਏ ਗਏ ਨੋਡਲ ਸੈਂਟਰ ਵਿਖੇ ਜਿਲ੍ਹੇ ਅਨੁਸਾਰ ਪ੍ਰੀਖਿਆ ਖਤਮ ਹੋਣ ਤੇ ਉਸੇ ਦਿਨ ਸੀਲਡ ਪੈਕਟਾਂ ਨੂੰ ਸੁਰੱਖਿਅਤ ਪੁਜਦਾ ਕਰਨਾ ਯਕੀਨੀ ਬਣਾਇਆ ਜਾਵੇ। ਜਿਸਦੀ ਜਾਣਕਾਰੀ ਨੂੰ ਦਫਤਰ ਦੇ ਈ.ਮੇਲ sectionofficeriti@gmail.com ਤੇ ਵੀ ਭੇਜੀ ਜਾਵੇ, ਇਸ ਵਿੱਚ ਕਿਸੇ ਕਿਸਮ ਦੀ ਢਿੱਲ ਨਾ ਹੋਵੇ। ਦੇਰ ਨਾਲ ਭੇਜੇ ਜਾਣ ਵਾਲੇ ਸੀਲਡ ਪੈਕਟ ਦੀ ਜੰਮੇਵਾਰੀ ਸੰਸਥਾਵਾਂ ਦੀ ਆਪਣੀ ਹੋਵੇਗੀ।

ਸਮੂਹ ਸੰਸਥਾਵਾਂ ਦੇ ਪ੍ਰਿੰਸੀਪਲਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਪ੍ਰੀਖਿਆ ਦੋਰਾਨ ਮਾਹੌਲ ਨੂੰ ਸ਼ਾਤਮਈ ਬਣਾ ਕੇ ਰੱਖਣ ਲਈ ਜਰੂਰੀ ਕਦਮ ਚੁਕੇ ਜਾਣ ਅਤੇ ਇਹ ਵੀ ਯਕੀਨੀ ਬਣਾਇਆ ਜਾਵੇ ਕਿ ਬੋਰਡ ਦਫਤਰ ਵਲੋਂ ਨਿਯੁਕਤ ਕੀਤੇ ਗਏ observer ਦੇ ਕੰਮ ਵਿੱਚ ਕਿਸੇ ਕਿਸਮ ਦੀ ਵਿਘਨ ਨਾ ਪਵੇ।

ਇਸ ਨੂੰ ਅਤਿ ਜਰੂਰੀ ਸਮਝਿਆ ਜਾਵੇ।

1/1/21

ਨੱਥੀ: **List of Nodal Centers**
**Copy of Acknowledgement**

ਕੰਟਰੋਲਰ ਪ੍ਰੀਖਿਆਵਾਂ (ਆਈ.ਟੀ.ਆਈ)
ਵਾਸਤੇ ਸਕੱਤਰ

ਉਪਰੋਕਤ ਦਾ ਇਕ ਉਤਾਰ ਹੇਠ ਦਰਸਾਇਆਂ ਨੂੰ ਸੁਚਨਾਂ ਹਿਤ ਭੇਜਿਆ ਜਾਂਦਾ ਹੈ: -

1. ਸਕੱਤਰ ਟੂ ਚੇਅਰਮੈਨ
2. ਪੀ.ਏ. ਟੂ ਸਕੱਤਰ
3. ਸਿਸਟਮ ਐਡਮਿਨਸਟ੍ਰੇਟਰ
4. ਸੈਕਸ਼ਨ ਅਫਸਰ (ਲੇਖਾ ਸ਼ਾਖਾ)

ਕੰਟਰੋਲਰ ਪ੍ਰੀਖਿਆਵਾਂ ਆਈ.ਟੀ.ਆਈ.
ਵਾਸਤੇ ਸਕੱਤਰ

**List of Nodal Centers ITI Exams:-**

| | Nodal Centre ITI at District Level | District |
|---|---|---|
| 1 | Govt. ITI Nawanshahar | Nawanshehar |
| 2 | Govt. ITI (w) Jalandhar<br>(Exam centres of Kapurthala) | Jalandhar,<br>Kapurthala |
| 3 | Govt. ITI Ranjit Avenue, Asr. | Amritsar, TarnTaran |
| 4 | Govt ITI,Patiala | Patiala |
| 5 | Govt. ITI Barnala | Barnala |
| 6 | Govt. ITI Bathinda | Bathinda |
| 7 | Govt. ITI Budhlada<br>(Exam centres of Mansa) | Mansa |
| 8 | Govt ITI Sunam<br>(Exam centres of Sangrur) | Sangrur |
| 9 | Govt. ITI (W) Mohali<br>(Exam centre of Fatehgarh Sahib) | Mohali, Fatehgarh Sahib |
| 10 | Govt. ITI Fazilka | Fazilka |
| 11 | Govt. ITI Ludhiana | Ludhiana |
| 12 | Govt. ITI Moga | Moga |
| 13 | Govt ITI Roop Nagar | Roop Nagar |
| 14 | Govt ITI (W)Hoshiarpur | Hoshiarpur |
| 15 | Govt. ITI Gurdaspur | Gurdaspur |
| 16 | Govt. ITI Pathankot | Pathankot |
| 17 | Govt. ITI SC Muktsar | Muktsar |
| 18 | Govt. ITI Ferozepur | Ferozepur |
| 19 | Govt. ITI Faridkot | Faridkot |

1

**ACKNOWLEDGE**

Received total____________ sealed packets (Morning & Evening session) on (dated) ______________ from __________________________________________________ Industrial Training Institute___________ ____________________ (ITI Code____________________________ at ________________ p.m.

| | |
|---|---|
| ____________________ | Signature |
| ____________________ | Full Name |
| ____________________ | Nodal Centre |
| ____________________ | Mobile No. |